# ਰੋਜਾਨਾ ਕਰਾਈਮ ਡਾਇਰੀ
# ਮਿਤੀ 09-04-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|
| 1 | ਘਰਿੰਡਾ | 80 ਮਿਤੀ 08.04.2024 21/61/85 NDPS ACT, 25/54/59 Arms Act | ਏ.ਐਸ.ਆਈ ਅਮਰੀਕ ਸਿੰਘ 9592312287 | ਗੁਰਦਿੱਤ ਸਿੰਘ ਪੁੱਤਰ ਹਜੂਰ ਸਿੰਘ ਵਾਸੀ ਰਣਗੜ<br>ਗ੍ਰਿਫਤਾਰ | ਮਨ ਏ.ਐਸ.ਆਈ ਸਮੇਤ ਪੁਲਿਸ ਪਾਰਟੀ ਨਾਕਾਬੰਦੀ ਦੇ ਸਬੰਧ ਵਿੱਚ ਰੇਲਵੇ ਸਟੇਸਨ ਚੋਕ ਅਟਾਰੀ ਮੋਜੂਦ ਸੀ ਕਿ ਪਿੰਡ ਨੇਸਟੇ ਦੀ ਤਰਫੋ ਇੱਕ ਮੋਟਰਸਾਈਕਲ ਹੀਰੋ ਹਾਡਾ ਨੰਬਰੀ PB02-BL-8654 ਪਰ ਇੱਕ ਵਿਅਕਤੀ ਸਵਾਰ ਹੋ ਕੇ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਵੇਖ ਕੇ ਯਕਦਮ ਘਬਰਾ ਕੇ ਆਪਣੇ ਮੋਟਰਸਾਈਕਲ ਨੂੰ ਪਿੱਛੇ ਨੂੰ ਮੁੜਨ ਲੱਗੇ ਤਾ ਮੋਟਰਸਾਈਕਲ ਸਲਿੱਪ ਹੋਣ ਕਰਕੇ ਸੜਕ ਦੇ ਕਿਨਾਰੇ ਡਿੱਗ ਪਿਆ ਤੇ ਉਠ ਕੇ ਭੱਜਣ ਲੱਗਾ ਨੇ ਆਪਣੇ ਪਹਿਨੇ ਹੋਏ ਲੋਅਰ ਦੀ ਸੱਜੀ ਜੇਬ ਵਿੱਚੋ ਕੋਈ ਵਜਨਦਾਰ ਚੀਜ ਨੂੰ ਸੁੱਟਣ ਲੱਗੇ ਨੂੰ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਮੋਮੀ ਲਿਫਾਫਾ ਨੂੰ ਖੋਲ ਕੇ ਚੈਕ ਕੀਤਾ ਤਾ ਹੈਰੋਇੰਨ ਬਰਾਮਦ ਹੋਈ ਜਿਸ ਨੂੰ ਇਲੈਕਟਰੋਨਿਕ ਕੰਢੇ ਪਰ ਤੋਲ ਕਰਨ ਤੇ ਕੁੱਲ 50 ਗ੍ਰਾਮ ਹੈਰੋਇੰਨ ਸਮੇਤ ਲਿਫਾਫਾ ਹੋਈ ਤੇ ਤਲਾਸੀ ਦੋਰਾਣ ਦੋਸੀ ਗੁਰਦਿੱਤ ਸਿੰਘ ਉਕਤ ਦੀ ਡੱਬ ਵਿੱਚੋ ਇੱਕ ਪਿਸਟਲ 32 ਬੋਰ ਸਮੇਤ ਇੱਕ ਮੈਗਜੀਨ ਤੇ 03 ਜਿੰਦਾ ਰੋਦ 32 ਬੋਰ ਬ੍ਰਾਮਦ ਹੋਏ ਜਿਸ ਦੇ ਖਿਲਾਫ ਉਕਤ ਧਾਰਾ ਅਧੀਨ ਦਰਜ ਰਜਿਸਟਰ ਥਾਣਾ ਕੀਤਾ ਗਿਆ। | 50 ਗ੍ਰਾਮ ਹੈਰੋਇੰਨ ਸਮੇਤ ਲਿਫਾਫਾ<br>ਇੱਕ ਪਿਸਟਲ 32 ਬੋਰ ਸਮੇਤ ਇੱਕ ਮੈਗਜੀਨ ਤੇ 03 ਜਿੰਦਾ ਰੋਦ 32 ਬੋਰ<br>ਇੱਕ ਮੋਟਰਸਾਈਕਲ | ਏ.ਐਸ.ਆਈ ਅਮਰੀਕ ਸਿੰਘ 9592312287 |
| 2 | ਜੰਡਿਆਲਾ | 87 ਮਿਤੀ 8-4-2024 ਜੁਰਮ: 304ਏ, 279,337,338,427 ਭ.ਦ | ਰਪਾਲ ਸਿੰਘ ਪੁੱਤਰ ਚੰਚਲ ਸਿੰਘ ਵਾਸੀ 15 ਡਿਫੈਸ ਇੰਨਕੇਵ ਲੇਨ ਨੰਬਰ 1 ਬਾਈਪਾਸ ਨੀਅਰ ਗੁਮਟਾਲਾ ਅਮ੍ਰਿਤਸਰ<br>62 ਸਾਲ<br>98729-71177 | ਜਰਮਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਨੋਸਿਹਰਾ ਪਨੂੰਆ ਜਿਲਾ ਤਰਨ ਤਾਰਨ<br>ਗ੍ਰਿਫਤਾਰੀ ਨਿੱਲ | ਮੁਦਈ ਨੇ ਬਿਆਨ ਕੀਤਾ ਕਿ ਮੈਂ ਕੱਲ ਮਿਤੀ 7-4-2024 ਨੂੰ ਮੇਰੀ ਭੈਣ ਹਰਪਿੰਦਰਜੀਤ ਕੋਰ ਪਤਨੀ ਰਣਜੀਤ ਸਿੰਘ ਵਾਸੀ ਪ੍ਰੀਤ ਨਗਰ ਜੰਡਿਆਲਾ ਰੋਡ ਤਰਨ ਤਾਰਨ ਮੇਰੇ ਘਰ ਮਿਲਣ ਲਈ ਆਈ ਸੀ। ਮਿਲਣ ਤੋਂ ਬਾਅਦ ਮੇਰੀ ਭੈਣ ਆਪਣੇ ਘਰ ਨੂੰ ਜਾਣ ਲੱਗੀ ਤਾ ਮੇਰੀ ਭੂਆ ਦਾ ਲੜਕਾ ਮਨਿੰਦਰ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਅਫਸਰ ਐਵੀਨਿਉ ਤਰਨ ਤਾਰਨ ਜੋ ਵੀ ਮੇਰੇ ਪਾਸ ਘਰ ਆਇਆ ਸੀ ਤਾ ਦੋਨੋ ਜਾਣੇ ਮੋਟਰ ਸਾਕਇਲ ਨੰਬਰੀ PB-46-0X-0960 ਤੇ ਸਵਾਰ ਹੋ ਕੇ ਤਰਨ ਤਾਰਨ ਨੂੰ ਚਲ ਪਏ ਜਦ ਕੁਝ ਸਮੇ ਬਾਅਦ ਮੈਨੂੰ ਵੀ ਕੋਈ ਨਿੱਜੀ ਕੰਮ ਹੋਣ ਕਰਕੇ ਮੈਂ ਵੀ ਆਪਣੀ ਕਾਰ ਤੇ ਸਵਾਰ ਹੋ ਕੇ ਤਰਨ ਤਾਰਨ ਚਲ ਪਿਆ ਸੀ ਜਦ ਮੈ ਜੀ ਟੀ ਰੋਡ ਅੱਡਾ ਬੰਡਾਲਾ ਨਜਦੀਕ ਪੁੱਜਾ ਤਾਂ ਵਕਤ ਕ੍ਰੀਬ 8 ਵਜੇ ਰਾਤ ਮੇਰੇ ਪਿਛੇ ਤੋ ਤੇਜ ਤਫਤਾਰ ਅਤੇ ਲਾਪਰਵਾਹੀ ਨਾਲ ਗੱਡੀ ਨੰਬਰੀ PB-02-DM- 0158 ਮਾਰਕਾ ਸਵਿਫਟ ਰੰਗ ਚਿੱਟਾ ਆਈ ਜਿਸ ਨੇ ਮੇਰੇ ਵੇਖਦੇ ਵੇਖਦੇ ਹੀ ਪਹਿਲਾ ਤਾ ਗੱਡੀ ਨੰਬਰੀ PB- 02-EE-8474 ਵਿਚ ਲੱਗੀ ਅਤੇ ਬਾਅਦ ਵਿਚ ਬੇਕਾਬੂ ਹੋਕੇ ਮੇਰੇ ਭਰਾ ਅਤੇ ਭੈਣ ਦੇ ਮੋਟਰ ਸਾਕਇਲ ਨੂੰ ਤੇਜ ਰਫਤਾਰ ਨਾਲ ਪਿੱਛੇ ਤੋ ਹਿੱਟ ਕੀਤਾ ਜਿਸ ਨਾਲ ਮੇਰੇ ਭਰਾ ਅਤੇ ਭੈਣ ਜਖਮੀ ਹੋ ਗਏ। ਸਵਿਫਟ ਗੱਡੀ ਉਕਤ ਦਾ ਮਾਲਕ ਮੌਕਾ ਤੋ ਗੱਡੀ ਭਜਾ ਕੇ ਲੈ ਗਿਆ। ਅਸੀ ਸਵਾਰੀ ਦਾ ਪ੍ਰਬੰਧ ਕਰਕੇ ਮੇਰੀ ਭੈਣ ਅਤੇ ਭਰਾ ਅਮਨਦੀਪ ਹਸਪਤਾਲ ਅਮ੍ਰਿਤਸਰ ਦਾਖਲ ਕ੍ਰਵਾਇਆ ਜਿਥੇ ਮੇਰੀ ਭੈਣ ਹਰਪਿੰਦਰਜੀਤ ਕੌਰ ਦੀ ਦੋਰਾਨੇ ਇਲਾਜ ਮੋਤ ਹੋ ਗਈ ਹੈ ਅਤੇ ਮੇਰਾ ਭਰਾ ਮਨਿੰਦਰ ਸਿੰਘ ਕਾਫੀ ਜਖਮੀ ਹਾਲਤ ਵਿਚ ਜੇਰੇ ਇਲਾਜ ਹੈ। ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਕਤ ਗੱਡੀ ਨੰਬਰੀ PB- 02-DM-0158 ਨੂੰ ਜਰਮਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਨੋਸਿਹਰਾ ਪਨੂੰਆ ਜਿਲਾ ਤਰਨ ਤਾਰਨ ਚਲਾ ਰਿਹਾ ਸੀ।ਜਿਸ ਤੇ ਮੁਕਦਮਾ ਦਰਜ ਕੀਤਾ ਗਿਆ | | ASI ਲੱਖਾ ਸਿੰਘ 9780004086 |
| 3 | ਜੰਡਿਆਲਾ | 88 ਮਿਤੀ 8-4-2024 ਜੁਰਮ 61-1-14 ਆਬਕਾਰੀ ਐਕਟ | ASI ਨਿਰਮਲ ਸਿੰਘ 9815193728 | ਗੁਰਮੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਨਿਜਾਮਪੁਰਾ ਥਾਣਾ ਜੰਡਿਆਲਾ<br>ਗ੍ਰਿਫਤਾਰ | mn ey.AYs.AweI smyq puils pwrtI ਗਸਤ ਬਾ ਤਲਾਸ ਭੈੜੇ ਪੁਰਸਾ ਦੇ ਸਬੰਧ ਵਿੱਚ ਅੱਡਾ ਨਵਾ ਪਿੰਡ ਮੌਜੂਦ ਸੀ ਕਿ ਮੇਰੇ ਪਾਸ ਮੁਖਬਰ ਖਾਸ ਨੇ ਹਾਜਰ ਆ ਕੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਨਿਜਾਮਪੁਰਾ ਥਾਣਾ ਜੰਡਿਆਲਾ ਜੋ ਆਪਣੇ ਘਰ ਵਿੱਚ ਸਰਾਬ ਕੱਢ ਕੇ ਵੇਚਣ ਦਾ ਧੰਦਾ ਕਰਦਾ ਹੈ।ਜਿਸ ਤੇ ਉਕਤ ਦੋਸ਼ੀ ਦੇ ਘਰ ਰੇਡ ਕਰਕੇ ਇਸ ਪਾਸੋ 50 ਕਿਲੋ ਲਾਹਣ ਬਰਾਮਦ ਕੀਤੀ ਗਈ | 50 ਕਿਲੋ ਲਾਹਣ | ASI ਨਿਰਮਲ ਸਿੰਘ 9815193728 |
| 4 | ਘਰਿੰਡਾ | 81 ਮਿਤੀ 08.04.2024 18/61/85 NDPS ACT, 25/54/59 Arms Act | ਸ਼੍ਰੀ Ashwani Tripathi, Ac, Coy Comdr 'B' Coy, 22 | Dilkhumar Singh S/O Nishan Singh, Village-Wan, | ਉਕਤ ਮੁਕੱਦਮਾ ਸ਼੍ਰੀ Ashwani Tripathi, Ac, IRLA NO- 12042210, Ashwani Tripathi, Ac, Coy Comdr 'B' Coy, 22 Bn BSF ਜੀ ਦੇ ਪੱਤਰ No. Ops/Fir Lodg/B/22 Bn//2024/150, Office of the Coy Comdr B-Coy 22 Bn BSF | 06 wrapped small pieces of | ਐਸ.ਆਈ ਅਰਜੁਨ ਕੁਮਾਰ 8427753390 |

| | | | | | | | |
|---|---|---|---|---|---|---|---|
| | | | Bn BSF. | District-Taran Taran, Teh-Pati igRPqwr | BOP-Pulmoran Dated 08 April 2024, ਬਰਖਿਲਾਫ Dilkhumar Singh S/O Nishan Singh, Village-Wan, District-Taran Taran, Teh-Pati ਪਰ ਵੱਲੋ SI ਅਰਜੁਨ ਕੁਮਾਰ ਵੱਲੋ ਦਰਜ ਰਜਿਸਟਰ ਥਾਣਾ ਕੀਤਾ ਗਿਆ ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ BOP ਪੁੱਲਮੋਰਾ ਅਧੀਨ ਦੋਰਾਨੇ ਗਸ਼ਤ ਮੁਸੱਮ Dilkhumar Singh ਉਕਤ ਨੂੰ ਕਾਬੂ ਕੀਤਾ ਗਿਆ ਜਿਸ ਪਾਸੋ 1) 06 wrapped small pieces of contraband item suspected to be opium, weight 0.395 kg. ( ਜਿਸ ਨੂੰ ਇਲੈਕਟ੍ਰੋਨਿੰਕ ਕੰਡੇ ਦੀ ਮਦਦ ਨਾਲ ਤੋਲ ਕਰਨ ਤੇ ਕੁੱਲ 380 ਗ੍ਰਾਮ ਅਫੀਮ ਹੋਈ ਅਤੇ ) 02. 01 No. 9 mm GLOCK empty Magazine, weight -0.065 kg. 3) 01 No. metal ring attached with consignment ਬ੍ਰਾਮਦਗੀ ਹੋਈ । ਜਿਸ ਤੇ ਉਕਤ ਮੁਕੱਦਮਾ ਉਕਤ ਧਾਰਾ ਅਧੀਨ ਦਰਜ ਰਜਿਸਟਰ ਥਾਣਾ ਕੀਤ ਗਿਆ । | contraband item suspected to be opium, weight - 0.380 kg.<br><br>02. 9 mm GLOCK empty Magazine, weight - 0.065 kg.<br><br>03.metal ring attached with consignment | |
| 5 | ਕੱਥੂਨੰਗਲ | 28 ਮਿਤੀ 8-4-24 ਜੁਰਮ 379-ਬੀ.(2) 341,148,149 ਭ.ਦ | ਜਗਜੀਤ ਕੁਮਾਰ ਪੁੱਤਰ ਰਾਮ ਚੰਦ ਵਾਸੀ ਪਿੰਡ ਕਰਨਾਲਾ, ਥਾਣਾ ਕੱਥੂਨੰਗਲ ਜਿਲ੍ਹਾ ਅਮ੍ਰਿੰਤਸਰ ਦਿਹਾਤੀ ਉਮਰ 53 ਸਾਲ, ਮੋਬਾਇਲ ਨੰਬਰ 9501074171. | 7 ਨਾਮਲੂਮ ਵਿਅਕਤੀ | ਮੁਦਈ ਨੇ ਬਿਆਨ ਕੀਤਾ ਕਿ ਮੈ ਉਕਤ ਦਾ ਰਹਿਣ ਵਾਲਾ ਹਾਂ ਅਤੇ ਭੱਠਾ ਸੈਂਸਰਾਂ ਪਵਾਰ ਬਰਿੰਕਸ਼ ਸਪਲਾਈ ਕੰਪਨੀ, ਨੇੜੇ ਗੁਰੂ ਕੇ ਬਾਗ ਵਿਖੇ ਬਤੌਰ ਮੁਨਸ਼ੀ ਪਿਛਲੇ 5 ਸਾਲਾਂ ਤੋ ਕੰਮ ਕਰਦਾ ਆ ਰਿਹਾ ਹਾਂ,ਕੱਲ ਮਿਤੀ 07.04.2024 ਨੂੰ ਵਕਤ ਕ੍ਰੀਬ 7.15 ਪੀ.ਐਮ ਰੋਜਾਨਾ ਦੀ ਤਰ੍ਹਾ ਭੱਠੇ ਤੋ ਡਿਊਟੀ ਕਰਕੇ ਆਪਣੇ ਮੋਟਰਸਾਈਕਲ ਨੰਬਰੀ PBO2ER2271 - HF-DELUX ਰੰਗ ਕਾਲਾ ਤੇ ਸਵਾਰ ਹੋ ਕੇ ਆਪਣੇ ਪਿੰਡ ਨੂੰ ਆ ਰਿਹਾ ਸੀ ਕਿ ਜਦੋ ਮੈ ਪਿੰਡ ਹਰੀਆ ਨੇੜੇ ਕੱਪੜੇ ਦੀ ਫੈਕਟਰੀ ਪੁੱਜਾ ਤਾਂ ਮੇਰੇ ਪਿਛੋ ਇੱਕ ਮੋਟਰਸਾਈਕਲ ਪਰ 02 ਨੋਜਵਾਨ ਸਵਾਰ ਆਏ ਜਿੰਨ੍ਹਾ ਨੇ ਆਪਣੇ ਮੂੰਹ ਕੱਪੜੇ ਨਾਲ ਬੰਨ੍ਹੇ ਹੋਏ ਸਨ ਅਤੇ ਆਪਣੇ ਹੱਥਾਂ ਵਿਚ ਦਾਤਰ ਅਤੇ ਬੇਸਬਾਲ ਫੜ੍ਹੇ ਹੋਏ ਸਨ ਜਿੰਨ੍ਹਾ ਵਿਚੋ ਇੱਕ ਨੋਜਵਾਨ ਨੇ ਆਪਣੇ ਦਸਤੀ ਦਾਤਰ ਦਾ ਵਾਰ ਮੇਰੇ ਸਿਰ ਦੇ ਪਿਛਲੇ ਪਾਸੇ ਕੀਤਾ ਜਿਸ ਨਾਲ ਮੈ ਲਹੂ-ਲਹਾਣ ਹੋ ਕੇ ਮੋਟਰਸਾਈਕਲ ਸਮੇਤ ਸੜਕ ਦੇ ਕਿਨਾਰੇ ਢਿੱਗ ਪਿਆ ਇੰਨ੍ਹੇ ਨੂੰ ਮੇਰੇ ਵੇਖਦਿਆਂ-ਵੇਖਦਿਆ 02 ਹੋਰ ਮੋਟਰਸਾਈਕਲਾਂ ਤੇ ਸਵਾਰ ਹੋ ਕੇ 05 ਨੋਜਵਾਨ ਹੱਥਾਂ ਵਿੱਚ ਬੇਸਬਾਲ ਅਤੇ ਦਾਤਰ ਫੜ੍ਹੇ ਹੋਏ ਮੇਰੇ ਲਾਗੇ ਆ ਗਏ ਤੇ ਆਪਣੇ ਆਪਣੇ ਹਥਿਆਰਾ ਨਾਲ ਮੇਰੀ ਕੁੱਟਮਾਟ ਅਤੇ ਸੱਟਾਂ ਮਾਰਨੀਆ ਸੁਰੂ ਕਰ ਦਿੱਤੀਆ ਜੋ ਮੇਰੀ ਸੱਜੀ ਲੱਤ ਤੇ ਬੇਸਬਾਲ ਦੀ ਸੱਟ ਲੱਗਣ ਕਰਕੇ ਮੇਰੀ ਲੱਤ ਟੁੱਟ ਗਈ ਅਤੇ ਬਾਕੀ ਯਾਰਬਾਨ ਨੇ ਆਪਣੇ ਆਪਣੇ ਤੇਜਧਾਰ ਹਥਿਆਰਾ ਨਾਲ ਮੇਰੇ ਉਪਰ ਵਾਰ ਕੀਤੇ ਜੋ ਮੇਰੀ ਸੱਜੀ ਬਾਂਹ, ਨੱਕ ਪਰ, ਖੱਬੇ ਹੱਥ ਦੀ ਚੀਚੀ ਨਾਲ ਦੀ ਉਂਗਲ ਪਰ ਅਤੇ ਛਾਤੀ ਪਰ ਲੱਗੇ ਤੇ ਮੈਨੂੰ ਨੇੜੈ ਖੇਤਾਂ ਵਿੱਚ ਸੁੱਟ ਕੇ ਮੇਰਾ ਉਕਤ ਮੋਟਰਸਾਈਕਲ ਰੰਗ ਕਾਲਾ ਖੋਹ ਕਰਕੇ ਨਾਲ ਲੈ ਗਏ ਇੰਨ੍ਹੇ ਨੂੰ ਰਾਹਗੀਰਾਂ ਨੇ ਮੈਨੂੰ ਪਛਾਣ ਕੇ ਮੇਰੇ ਘਰ ਵਿੱਚ ਇਤਲਾਹ ਦਿੱਤੀ ਜਿਸਤੇ ਮੇਰੇ ਘਰੋ ਮੇਰੀ ਪਤਨੀ ਰੇਸ਼ਮਾਂ ਦੇਵੀ ਅਤੇ ਮੇਰਾ ਲੜਕਾ ਵਿਸ਼ਾਲ ਤੇ ਭਤੀਜਾ ਗੁਲਾਬ ਪੁੱਤਰ ਅਮ੍ਰਿੰਤ ਲਾਲ ਸਵਾਰੀ ਦਾ ਪ੍ਰਬੰਧ ਕਰਕੇ ਮੌਕਾ ਪਰ ਆਏ ਅਤੇ ਮੈਨੂੰ ਜਖਮੀ ਹਾਲਤ ਵਿੱਚ ਬਾਜਵਾ ਹਸਪਤਾਲ ਮਜੀਠਾ ਵਿਖੇ ਦਾਖਲ ਕਰਵਾਇਆ ਜਿੱਥੇ ਮੇਰੇ ਸੱਟਾਂ ਜਿਆਦਾ ਹੋਣ ਕਰਕੇ ਡਾਕਟਰ ਸਾਹਿਬ ਨੇ ਮੈਨੂੰ ਗੁਰੂ ਨਾਨਕ ਹਸਪਤਾਲ ਅਮ੍ਰਿੰਤਸਰ ਵਿਖੇ ਰੈਫਰ ਕਰ ਦਿੱਤਾ ਜਿੱਥੇ ਮੈ ਜੇਰੇ ਇਲਾਜ ਹਾਂ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | --- | SI ਸੁਲੱਖਣ ਰਾਮ 1801 /9780006313 |
| 6 | ਬਿਆਸ | 63 ਮਿਤੀ 8-4-2024 ਜੁਰਮ 379,411 ਭ.ਦ | ASI balwinder Singh 9780003890 | 1.ਗੁਰਸੇਵਕ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਹਰਸਿੰਘਪੁਰ ਥਾਣਾ ਪੂਰਨਪੁਰ ਯੂ.ਪੀ 2.ਨਿਸਾਨ ਸਿੰਘ ਪੁੱਤਰ | ਏ.ਐਸ.ਆਈ ਬਲਵਿੰਦਰ ਸਿੰਘ ਸਮੇਤ ਪੁਸਿ ਪਾਰਟੀ ਬਾਬਾ ਬਕਾਲਾ ਸਾਹਿਬ ਮੱਸਿਆ ਡਿਊਟੀ ਪਰ ਸੀ ਕਿ ਮੁਖਬਰ ਖਾਸ ਨੇ ਇਤਲਾ ਦਿੱਤੀ ਕਿ ਗੁਰਸੇਵਕ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਹਰਸਿੰਘਪੁਰ ਥਾਣਾ ਪੂਰਨਪੁਰ ਯੂ.ਪੀ, ਨਿਸਾਨ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਤਪਾ ਮੁਕੰਦਪੁਰ ਪੀਲੀਭੀਤ ਯੂ.ਪੀ ਜੋ ਕਿ ਗੁਰਦੁਆਰਾ ਸਾਹਿਬ ਪਾਸੋ ਮੋਟਰਸਾਈਕਲ ਪਲਟੀਨਾ ਨੰਬਰੀ ਪੀ.ਬੀ 02 ਬੀ ਪੀ 6467 ਚੋਰੀ ਕਰਕੇ ਲੇ ਕੇ ਦੋਲੋਨੰਗਲ ਨੂੰ ਜਾ ਰਹੇ ਸਨ ਜੋ ਨਾਕਾ ਬੰਦੀ ਕਰਕੇ | ਮੋਟਰਸਾਈਕਲ ਪਲਟੀਨਾ ਨੰਬਰੀ ਪੀ.ਬੀ 02 ਬੀ ਪੀ 6467 | ASI balwinder Singh 9780003890 |

| | | | | | | | |
|---|---|---|---|---|---|---|---|
| | | | | ਦਲੀਪ ਸਿੰਘ ਵਾਸੀ ਤਪਾ ਮੁਕੰਦਪੁਰ ਪੀਲੀਭੀਤ ਯੂ.ਪੀ ਗ੍ਰਿਫਤਾਰ | ਦੋਸੀਆਨ ਨੂੰ ਸਮੇਤ ਮੋਟਰਸਾਈਕਲ ਕਾਬੂ ਕਰਕੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ | | |
| 7 | ਲ਼ੋਪੋਕੇ | 74 ਮਿਤੀ 08.04.2024 ਜੁਰਮ 307,506,34 ਭ.ਦ 25/27/54/59 ਅਸਲਾ ਐਕਟ | ਸੂਬਾ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਵਣੀਏਕੇ 9814474462 | 1.ਰਜਿੰਦਰ ਸਿੰਘ ਉਰਫ ਟੀਟੂ ਪੁੱਤਰ ਸਰਵਣ ਸਿੰਘ ਵਾਸੀ ਵਣੀਏਕੇ<br>2. ਸੁਖਬੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਕਮਾਸਕਾ<br>3. ਆਲਮਬੀਰ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਕਮਾਸਕਾ<br>(ਸਾਰੇ ਭਗੋੜੇ) | ਮੁਦਈ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾ ਤੇ ਕੱਲ ਮਿਤੀ 07.04.2024 ਨੂੰ ਵਕਤ ਕ੍ਰੀਬ 4.30 PM ਦਾ ਹੋਵੇਗਾ ਕਿ ਮੈਂ ਅਤੇ ਮੇਰਾ ਭਰਾ ਰਛਪਾਲ ਸਿੰਘ ਪੁੱਤਰ ਗੱਜਣ ਸਿੰਘ ਨਾਲ ਆਪਣੀ ਗਊਆਂ ਦੀ ਚੁਆਈ ਕਰ ਰਹੇ ਸੀ। ਕਿ ਅਚਾਨਕ ਮੇਰਾ ਨਾਮ ਲੈ ਕੇ ਕੋਈ ਉੱਚੀ-ਉੱਚੀ ਗਾਲਾ ਕੱਢਣ ਦੀਆਂ ਅਵਾਜਾਂ ਸੁਣਾਈ ਦਿੱਤੀਆਂ ਤੇ ਮੈਂ ਵੇਖਿਆ ਕਿ ਸਾਡੇ ਪਿੰਡ ਦਾ ਰਜਿੰਦਰ ਸਿੰਘ ਉਰਫ ਟੀਟੂ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਵਣੀਕੇ ਥਾਣਾ ਲੋਪੋਕੇ ਆਪਣੇ ਮੋਟਰ ਸਾਇਕਲ ਮਾਰਕਾ ਪਲੱਸਰ ਰੰਗ ਕਾਲਾ ਜਿਸਦਾ ਨੰਬਰ PB-8100 ਤੇ ਆਇਆ ਸੀ। ਜਿਸ ਨੇ ਸਾਡੇ ਫਾਰਮ ਦੇ ਬਾਹਰ ਸੜਕ ਤੇ ਖੜ ਕੇ ਆਪਣੀ ਡੱਬ ਵਿੱਚੋਂ ਆਪਣਾ ਪਿਸਟਲ ਕੱਢਕੇ ਮਾਰ ਦੇਣ ਦੀ ਨੀਅਤ ਨਾਲ ਸਿੱਧੀਆਂ ਗੋਲੀਆਂ ਮੇਰੇ ਵੱਲ ਤੇ ਰਛਪਾਲ ਸਿੰਘ ਵੱਲ ਚਲਾਉਣੀਆਂ ਸੁਰੂ ਕਰ ਦਿੱਤੀਆਂ। ਜੋ ਕਿ ਮੈਂ ਤੇ ਮੇਰੇ ਭਰਾ ਰਛਪਾਲ ਸਿੰਘ ਨੇ ਬਹੁਤ ਚਲਾਕੀ ਨਾਲ ਗਊਆਂ ਵਾਲੀ ਖੁਰਲੀ ਵਿੱਚ ਲੰਮੇ ਪੈ ਕੇ ਆਪਣੀ ਜਾਨ ਬਚਾਈ। ਜੋ ਰਜਿੰਦਰ ਸਿੰਘ ਉਰਫ ਟੀਟੂ ਨੇ ਕਈ ਗੋਲੀਆਂ ਚਲਾਈਆਂ ਅਤੇ ਮੇਰਾ ਨਾਮ ਲੈ ਕੇ ਮੈਨੂੰ ਗਾਲੀ ਗਲੋਚ ਕਰਦਾ ਰਿਹਾ। ਜਿਸ ਤੋਂ ਬਾਅਦ ਮੈਂ ਗਊਆ ਵਾਲੀ ਖੁਰਲੀ ਵਿੱਚੋਂ ਉੱਠਕੇ ਦੇਖਿਆ ਕਿ ਸਾਡੇ ਫਾਰਮ ਦੇ ਬਾਹਰ ਸੜਕ ਤੇ ਇੱਕ ਕਾਰ ਵਰਨਾ ਰੰਗ ਚਿੱਟਾ ਜਿਸ ਦਾ ਨੰਬਰ PB-02-DP-8236 ਪੜਿਆ ਆ ਕੇ ਰੁੱਕੀ। ਜਿਸ ਦੇ ਡਰਾਇਵਰ ਵਾਲੀ ਸੀਟ ਤੋਂ ਸੁਖਬੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਕਮਾਸਕਾ ਅਤੇ ਇਸਦੇ ਨਾਲ ਵਾਲੀ ਅਗਲੀ ਸੀਟ ਤੋਂ ਆਲਮਬੀਰ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਪਿੰਡ ਕਮਾਸਕਾ ਉਤਰੇ ਜਿਹਨਾਂ ਨੇ ਵੀ ਉਤਰਦੇ ਸਾਰ ਹੀ ਸਾਡਾ ਨਾਮ ਲੈ ਕੇ ਸਾਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ।ਵਜਾ ਰੰਜਿਸ ਇਹ ਹੈ ਕਿ ਰਜਿੰਦਰ ਸਿੰਘ ਉਰਫ ਟੀਟੂ ਜੋ ਕਿ ਮਿੱਟੀ ਭਰਤ ਪਾਉਣ ਦਾ ਕੰਮ ਕਰਦਾ ਹੈ। ਜਿਸ ਦੀ ਕੁੱਝ ਦਿਨ ਪਹਿਲਾਂ ਪਹਿਲਾਂ ਮਾਇਨਿੰਗ ਵਿਭਾਗ ਨੇ ਇਹ ਕੰਮ ਬੰਦ ਕਰਵਾ ਦਿੱਤਾ ਸੀ। ਜਿਸ ਕਰਕੇ ਇਸਨੂੰ ਸੱਕ ਸੀ ਕਿ ਮੈਂ ਉਸਦਾ ਇਹ ਕੰਮ ਬੰਦ ਕਰਵਾਇਆ ਹੈ। ਜਿਸ ਕਰਕੇ ਰਜਿੰਦਰ ਸਿੰਘ ਉਰਫ ਟੀਟੂ ਅਤੇ ਇਸਦੇ ਸਾਥੀਆਂ ਨੇ ਇੱਕ ਸੋਚੀ ਸਮਝੀ ਸਾਜਿਸ ਤਹਿਤ ਮੇਰੇ ਤੇ ਮੇਰੇ ਭਰਾ ਰਛਪਾਲ ਸਿੰਘ ਦੇ ਮਾਰ ਦੇਣ ਦੀ ਨੀਅਤ ਨਾਲ ਗੋਲੀਆਂ ਚਲਾਈਆਂ ਹਨ।ਜਿਸ ਤੇ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿਚ ਲਿਆਦੀ ਗਈ। | -- | ASI ਰਛਪਾਲ ਸਿੰਘ 95929-21653 |
| 8 | ਅਜਨਾਲਾ | 58 ਮਿਤੀ 8-4-24 ਜੁਰਮ 279,337,338 IPC | ਅਜਾਨੇ ਸ਼ਮਸ਼ੇਰ ਸਿੰਘ S/o ਧੀਰ ਸਿੰਘ ਵਾਸੀ ਧਰਮਕੋਟ ਥਾਣਾ ਭਿੰਡੀਸੈਦਾ ਉਮਰ ਕਰੀਬ 25 ਸਾਲ | ਨਾਮਲੂਮ | ਮੁਦਈ ਨੇ ਬਿਆਨ ਕੀਤਾ ਕਿ ਮੈ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾ ਅਤੇ ਮਹਿਕਮਾ ਬਿਜਲੀ ਬੋਰਡ ਵਿਚ ਪ੍ਰਾਈਵੇਟ ਤੋਰ ਪਰ ਠੇਕੇ ਤੇ ਕੰਮ ਕਰਦਾ ਹਾ ਅਤੇ ਮੇਰੀ ਪੋਸਟਿੰਗਬਿਜਲੀ ਘਰ ਜਸਤਰਵਾਲ ਨੇੜੇ ਟਾਹਲੀ ਸਾਹਿਬ ਵਿਚ ਹੈ ਮਿਤੀ 2-4-2024 ਨੂੰ ਕਤ ਕਰੀਬ 6-30 ਵਜੇ ਸ਼ਾਮ ਮੈ ਅਤੇ ਮੇਰੇ ਸਾਥੀ ਨਵਦੀਪ ਸਿੰਘ S/O ਸਰਨਜੀਤ ਸਿੰਘ ਵਾਸੀ ਨੋਨੇ ਜਿਲਾ ਤਰਨਤਾਰਨ ਜੋ ਕਿ ਮੇਰੇ ਨਾਲ ਹੀ ਡਿਊਟੀ ਕਰਦਾ ਹੈ ਮੈ ਤੇ ਨਵਦੀਪ ਸਿੰਘ ਆਪਣੇ ਆਪਣੇ ਮੋਟਰ ਸਾਇਕਲਾ ਤੇ ਸਵਾਰ ਹੋ ਕਿ ਬਿਜਲੀ ਘਰ ਤੋ ਪਿੰਡ ਉਠੀਆ ਨੂੰ ਕਾਰ ਸਰਕਾਰ ਦੇ ਸਬੰਧ ਵਿਚ ਜਾ ਰਹੇ ਸੀ ਤਾ ਨਵਦੀਪ ਸਿੰਘ ਆਪਣੇ ਮੋਟਰ ਸਾਇਕਲ ਨੰਬਰੀ PB02-EQ-5788 ਤੇ ਮੇਰੇ ਪਿਛੇ ਸੀ ਤੇ ਜਦ ਅਸੀ ਬਿਜਲੀ ਘਰ ਤੋ 200 ਮੀਟਰ ਅੱਗੇ ਗਏ ਤਾ ਪਿਛੇ ਇਕ ਕਾਰ ਬਿਨਾ ਨੰਬਰੀ ਜਿਸ ਨੂੰ ਕੋਈ ਨਾ ਮਲੂਮ ਵਿਅਕਤੀ ਚਲਾ ਰਿਹਾ ਸੀ ਜੋ ਤੇਜ ਰਫਤਾਰ ਬਿਨਾ ਹਾਰਨ ਵਜਾਏ ਮੇਰੇ ਸਾਥੀ ਨਵਦੀਪ ਸਿੰਘ ਦੇ ਮੋਟਰ ਸਾਇਕਲ ਵਿਚ ਜੋਰ ਨਾਲ ਟੱਕਰ ਮਾਰੀ ਜਿਸ ਨਾਲ ਨਵਦੀਪ ਸਿੰਘ ਮੋਟਰ ਸਾਇਕਲ ਸਮੇਤ ਸੜਕ ਤੇ ਡਿੱਗ ਪਿਆ ਜਿਸ ਨਾਲ ਉਸਦੇ ਸਿਰ ਵਿਚ ਗੰਭੀਰ ਸੱਟ ਲੱਗ ਗਈ ਅਤੇ ਸਵਾਰ ਕਾਰ ਸਮੇਤ ਮੌਕੇ ਤੋ ਕਾਰ ਭਜਾ ਕੇ ਲੈ ਗਿਆ ਜੋ ਮੈ ਸਵਾਰੀ ਦਾ ਪ੍ਰਬੰਧ ਕਰਕੇ ਨਵਦੀਪ ਸਿੰਘ ਨੂੰ ਇਲਾਜ ਲਈ ਖਧ ਹਸਪਤਾਲ ਦਾਖਲ ਕਰਵਾਇਆ। ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | | ਏ.ਐਸ.ਆਈ ਬਲਵਿੰਦਰ ਸਿੰਘ 9780003623 |

| | | | | | | | |
|---|---|---|---|---|---|---|---|
| 9 | ਤਰਸਿੱਕਾ | 18 ਮਿਤੀ 08-04-2024 ਜੁਰਮ 302 IPC , 25,27-54-59 ਆਰਮ ਐਕਟ | ਬਲਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਹਸਨਪੁਰ ਥਾਣਾ ਬਿਆਸ 58 ਸਾਲ 9914006230 | ਨਾ-ਮਾਲੂਮ | ਮੁਦਈ ਨੇ ਬਿਆਨ ਕੀਤਾ ਕਿ ਉਸਦੇ ਦੋ ਲੜਕੇ ਹਨ ਜਿਨਹਾ ਵਿਚੋ ਛੋਟਾ ਲੜਕਾ ਪ੍ਰੀਤਪਾਲ ਸਿੰਘ ਜਿਸ ਦੀ ਉਮਰ 31 ਸਾਲ ਹੈ ਜੋ ਟਰੱਕ ਡਰਾਇਵਈ ਕਰਦਾ ਹੈ ਕੱਲ ਮਿਤੀ 07-4-2024 ਨੂੰ ਵਕਤ ਕਰੀਬ 10 ਵਜੇ ਦਿਨ ਮੇਰਾ ਲੜਕਾ ਪ੍ਰੀਤਪਾਲ ਸਿੰਘ ਮੁਦਈ ਨੂੰ ਕੰਮ ਦਾ ਕਹਿ ਕੇ ਪੈਂਦਲ ਹੀ ਘਰੋ ਗਿਆ ਸੀ ਜਦ ਸਾਮ ਤੱਕ ਪ੍ਰੀਤਪਾਲ ਸਿੰਘ ਘਰ ਵਾਪਸ ਨਹੀ ਆਇਆ ਤਾ ਮੁਦਈ ਨੇ ਆਪਣੇ ਲੜਕੇ ਨੂੰ ਫੋਨ ਕੀਤਾ ਤਾ ਉਸਦੇ ਲੜਕੇ ਨੇ ਕਿਹਾ ਕਿ ਮੇਰੀ ਰੋਟੀ ਨਾ ਬਣਾਇਉ ਅੱਜ ਮਿਤੀ 08-04-2024 ਨੂੰ ਸਵੇਰੇ 2 ਵਜੇ ਕਰੀਬ ਉਸਦੇ ਲੜਕੇ ਪ੍ਰੀਤਪਾਲ ਸਿੰਘ ਦੇ ਫੋਨ ਨੰਬਰ 79730-53630 ਤੋ ਕਿਸੇ ਅਣਪਛਾਤੇ ਵਿਅਕਤੀ ਨੇ ਉਸਦੇ ਫੋਨ ਤੇ ਦੱਸਿਆ ਕੀ ਤੁਹਾਡੇ ਲੜਕੇ ਪ੍ਰਤਿਪਾਲ ਸਿੰਘ ਦੇ ਮੁੱਛਲ ਮੋੜ ਲਾਗੇ ਕਿਸੇ ਨੇ ਗੋਲੀ ਮਾਰ ਦਿੱਤੀ ਹੈ ਇਸ ਨੂੰ ਅਮਨਦੀਪ ਹਸਪਤਾਲ ਅੰਮ੍ਰਿਤਸਰ ਲੈ ਕੇ ਚੱਲੇ ਹਾ ਤੁਸੀ ਵੀ ਆ ਜਾਉ। ਜਦੋ ਮੁਦਈ ਪਿੰਡ ਦੇ ਸਰਪੰਚ ਅੰਗਰੇਜ ਸਿੰਘ ਪੁੱਤਰ ਜੋਗਿੰਦਰ ਸਿੰਗ ਵਾਸੀ ਹਸਨਪੂਰ ਨੂੰ ਨਾਲ ਲੇ ਕਿ ਅਮਨਦੀਪ ਹਸਪਤਾਲ ਪੁਜਾ ਤਾ ਉਸਦੇ ਲੜਕੇ ਦੀ ਡੈਡ ਬਾਡੀ ਬਾਹਰ ਸਟੈਚਰ ਤੇ ਪਈ ਹੋਈ ਸੀ ਉਸਦੀ ਪੁੜਪੜੀ ਦੇ ਸੱਜੇ ਪਾਸੇ ਗੋਲੀ ਵੱਜੀ ਹੋਈ ਸੀ ਜਿਥੇ ਡਾਕਟਰ ਸਾਹਿਬ ਨੇ ਦੱਸਿਆ ਕਿ 8-4-24 ਦੀ ਦਰਮਿਆਨੀ ਰਾਤ ਵਕਤ ਕਰੀਬ 2:15 ਨੂੰ ਤਿੰਨ ਅਣਪਛਾਤੇ ਨੌਜਵਾਨ ਜਿਹਨਾ ਵਿਚੋ ਇੱਕ 666ਨੌਜਵਾਨ ਨੇ ਆਪਣਾ ਨਾਮ ਜਰਮਨਜੀਤ ਸਿੰਘ ਦੱਸਿਆ ਸੀ, ਹਿਜਨਾ ਕਿਹਾ ਕਿ ਜੋ ਪ੍ਰੀਤਪਾਲ ਸਿੰਘ ਨੂੰ ਹਸਪਤਾਲ ਨਜਦੀਕ ਗੋਲੀ ਵੱਜੀ ਹੈ ਇਸ ਦਾ ਇਲਾਜ ਕਰੋ ਅਸੀ ਆਉਦੇ ਹਾ ਅਤੇ ਮੋਕ ਤੋ ਚਲੇ ਗਏ।ਡਾਕਟਰ ਸਾਹਿਬ ਨੇ ਚੈਕ ਕੀਤਾ ਤਾ ਪ੍ਰੀਤਪਾਲ ਸਿੰਘ ਦੀ ਪੁੜਪੜੀ ਵਿਚੋ ਗੋਲੀ ਲੱਗਣ ਨਾਲ ਮੌਤ ਹੋ ਚੁੱਕੀ ਸੀ ਜਿਸ ਮੁਕੱਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿਚ ਲਿਆਦੀ। | ----- | ਐਸ ਆਈ ਬਲਵਿੰਦਰ ਸਿੰਘ 9780006065 |

ਸਹੀ/-
ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 09-04-2024